**ਗਾਹਕਾਂ ਲਈ ਸਾਰਾਂਸ਼**

## "ਭਾਗੀਦਾਰਾਂ ਨੂੰ ਸਮਾਜਿਕ ਜ਼ੁੰਮੇਵਾਰੀ ਅਤੇ ਵਾਤਾਵਰਨਿਕ ਬਰਕਰਾਰੀ ਦੇ ਤਰੀਕੇ ਨਾਲ ਉਪਯੋਗਤਾ ਪ੍ਰਦਾਨ ਕਰਨ ਲਈ ਕੰਮ ਕਰਨਾ"।

**2003 ਪਹਿਲਾ ਪੂਰਾ ਸਾਲ ਸੀ ਜਦੋਂ ਕੁਆਪ੍ਰੇਟਿਵ ਬੈਂਕ ਅਤੇ ਸੀਆਈਐਸ (CIS) ਨੇ ਕੁਆਪ੍ਰੇਟਿਵ ਵਿੱਤੀ ਸੇਵਾ (Co-operative Financial Services — CFS) ਦੀ ਬਣਤਰ ਹੇਠ ਕਾਰੋਬਾਰ ਕੀਤਾ।**

ਸੀਐਫ਼ਐਸ ਨੇ ਇੱਕ 'ਤਿੰਨ ਲਾਜ਼ਮੀ ਸ਼ਰਤਾਂ' ਦੇ ਰਾਹ ਨੂੰ ਆਪਣੇ ਕਾਰੋਬਾਰ ਦੇ ਪ੍ਰਬੰਧਨ ਲਈ ਅਪਣਾਇਆ ਹੈ। ਇਸ ਦਾ ਮਤਲਬ ਹੈ ਕਿ ਭਾਗੀਦਾਰਾਂ - ਗਾਹਕ, ਸ਼ੇਅਰਹੋਲਡਰ, ਸਟਾਫ਼, ਸਪਲਾਇਰ, ਸਮਾਜ ਅਤੇ ਕੁਆਪ੍ਰੇਟਿਵ ਮੁਹਿੰਮ - ਦੀਆਂ ਲੋੜਾਂ ਦੀ ਪੂਰਤੀ ਲਈ ਕਾਰੋਬਾਰ ਚਲਾਉਣ ਦੇ ਨਾਲ ਨਾਲ ਸੀਐਫ਼ਐਸ ਨੇ ਸਮਾਜਿਕ ਅਤੇ ਵਾਤਾਵਰਨਿਕ ਜ਼ੁੰਮੇਵਾਰ ਤਰੀਕੇ ਨਾਲ ਕੰਮ ਕਰਨ ਨੂੰ ਆਪਣਾ ਫ਼ਰਜ਼ ਸ੍ਵੀਕਾਰ ਕੀਤਾ ਹੈ।

ਸੀਐਫ਼ਐਸ ਇਸ ਨੂੰ ਵਿਕਾਸ ਦੀ ਬਰਕਰਾਰੀ ਦਾ ਰਾਹ ਕਹਿੰਦੀ ਹੈ ਅਤੇ ਬਰਕਰਾਰੀ ਲਈ ਕੀਤੇ ਹੋਏ ਕੰਮ ਦੇ ਸਮਰਥਨ ਵਿੱਚ ਇੱਕ ਰਿਪੋਰਟ ਪੇਸ਼ ਕਰਦੀ ਹੈ ਜਿਸ ਵਿੱਚ ਆਰਥਿਕ, ਸਮਾਜਿਕ ਅਤੇ ਵਾਤਾਵਰਨਿਕ 'ਭੈੜਿਆਂ ਸਮੇਤ ਸਾਰਿਆਂ' ਪ੍ਰਭਾਵਾਂ ਦਾ ਲੇਖਾ ਹੈ। ਬਰਕਰਾਰੀ ਰਿਪੋਰਟ 2003 ਸੂਚਕਾਂ ਅਤੇ ਟੀਚਿਆਂ ਦੀ ਲੜੀ ਦੇ ਸਾਮ੍ਹਣੇ ਸੀਐਫ਼ਐਸ ਦੇ ਪ੍ਰਦਰਸ਼ਨ ਦਾ ਵੇਰਵਾ ਦਿੰਦੀ ਹੈ ਅਤੇ ਇਸ ਦਾ ਭਾਵ ਭਾਗੀਦਾਰਾਂ ਨੂੰ ਇੱਕ ਤਫ਼ਸੀਲੀ ਤਸਵੀਰ ਪੇਸ਼ ਕਰਨ ਦਾ ਹੈ ਤਾਂਕਿ ਉਹ ਸੀਐਫ਼ਐਸ ਦੇ ਪ੍ਰਦਰਸ਼ਨ ਨੂੰ ਪਰਖ ਸਕਣ। ਅੰਤਰਿਕ ਤੌਰ ਤੇ, ਰਿਪੋਰਟ ਅਤੇ ਇਸ ਨਾਲ ਸੰਬੰਧਤ ਖੋਜ ਨੂੰ ਕਾਰੋਬਾਰ ਵਿੱਚ ਬਰਕਰਾਰੀ ਨੂੰ ਕਾਇਮ ਕਰਨ ਲਈ ਸਹਾਇਤਾ ਦੇਣ ਵਾਸਤੇ ਵਰਤਿਆ ਗਿਆ ਹੈ।

ਸੀਐਫ਼ਐਸ ਬਰਕਰਾਰੀ ਰਿਪੋਰਟ 2003 ਨੂੰ ਸੀਆਈਐਸ ਅਤੇ ਕੁਆਪ੍ਰੇਟਿਵ ਬੈਂਕ ਦੀ ਸਮਾਜਿਕ ਜਵਾਬਦੇਹੀ ਅਤੇ ਭਾਗੀਦਾਰੀ ਦਾ ਵੇਰਵਾ ਦੇਣ ਦੀ ਸ਼ਕਤੀਸ਼ਾਲੀ ਪਰੰਪਰਾ ਦੇ ਆਧਾਰ ਤੇ ਤਿਆਰ ਕੀਤਾ ਗਿਆ ਹੈ ਅਤੇ ਇਸ ਨੂੰ 2004 ਦੇ ਯੂਕੇ ਦੀ ਸਰਬੋਤਮ ਸਮਾਜਿਕ ਰਿਪੋਰਟ ਅਤੇ ਸਰਬੋਤਮ ਬਰਕਰਾਰੀ ਰਿਪੋਰਟ ਦੇ ਪੁਰਸਕਾਰ ਮਿਲੇ ਹਨ। ਰਿਪੋਰਟ ਵਿੱਚ ਸ਼ਾਮਲ ਅੰਕੜਿਆਂ ਅਤੇ ਜਾਣਕਾਰੀ ਦੀ ਦਰੁਸਤੀ ਦੀ ਤਸਦੀਕ ਸੀਐਫ਼ਐਸ ਬਰਕਰਾਰੀ ਆਡੀਟਰ **ਜਸਟ**ਐਸ਼ਿਓਰੈਂਸ (**just**assurance) ਦੁਆਰਾ ਕੀਤੀ ਗਈ ਹੈ।

ਮਹੱਤਵਪੂਰਨ ਤੱਥ:

- ਸੀਆਈਐਸ ਅਤੇ ਕੁਆਪ੍ਰੇਟਿਵ ਬੈਂਕ ਨੇ 2003 ਵਿੱਚ ਅਤੇ ਇਸ ਮਗਰੋਂ ਪ੍ਰਾਪਤ ਕਰਨ ਲਈ ਕੁਲ 86 ਪ੍ਰਦਰਸ਼ਨ ਦੇ ਟੀਚੇ ਰੱਖੇ ਸੀ। ਇਨ੍ਹਾਂ ਵਿੱਚੋਂ 43 ਪੂਰੀ ਤਰ੍ਹਾਂ ਪ੍ਰਾਪਤ ਕੀਤੇ ਗਏ ਹਨ, 27 ਵਿੱਚ ਸ੍ਵੀਕਾਰ ਕਰਨ ਯੋਗ ਪ੍ਰਗਤੀ ਕੀਤੀ ਗਈ ਹੈ, ਅਤੇ 16 ਨੂੰ ਅਜੇ ਪੂਰਾ ਕਰਨਾ ਬਾਕੀ ਹੈ (ਵੇਖੋ: www.cfs.co.uk/sustainability2003/indicators);

- ਸੀਐਫ਼ਐਸ ਨੇ 2004 ਅਤੇ ਇਸ ਦੇ ਮਗਰੋਂ ਲਈ 60 ਨਵੇਂ ਟੀਚੇ ਤੈ ਕੀਤੇ ਹਨ, ਸੀਐਫ਼ਐਸ 87 ਸੂਚਕਾਂ ਉੱਤੇ ਰਿਪੋਰਟ ਕਰਦੀ ਹੈ ਜਿਨ੍ਹਾਂ ਵਿੱਚੋਂ ਅਨੇਕ ਨਵੇਂ ਹਨ (ਵੇਖੋ: www.cfs.co.uk/sustainability2003/indicators/indicators);

- ਸੀਆਈਐਸ ਅਤੇ ਕੁਆਪ੍ਰੇਟਿਵ ਬੈਂਕ ਦੇ ਗਾਹਕ ਮੁੱਖ ਉਤਪਾਦਾਂ ਲਈ ਉਦਯੋਗ ਦੇ ਤੈ ਕੀਤੇ ਹੋਏ ਪ੍ਰਤਿਮਾਨ ਤੋਂ ਵੱਧ ਸੰਤੁਸ਼ਟ ਹਨ (ਵੇਖੋ: www.cfs.co.uk/sustainability2003/deliveringvalue/personal.htm);

- ਕੁਆਪ੍ਰੇਟਿਵ ਬੈਂਕ ਨੇ 'ਵੰਚਿਤ' ਖੇਤਰਾਂ ਵਿੱਚ ਛੋਟੇ ਕਾਰੋਬਾਰਾਂ ਨੂੰ ਉਦਯੋਗ ਦੀ ਔਸਤ ਤੋਂ ਕਾਫ਼ੀ ਵੱਧ ਫ਼ਾਈਨੈਂਸ ਪ੍ਰਦਾਨ ਕੀਤਾ ਹੈ (ਕੁਲ ਕਰਜ਼ ਦੇ 3.3% ਦੇ ਵਿਰੁੱਧ 10.4%) (ਵੇਖੋ: www.cfs.co.uk/sustainability2003/deliveringvalue/corporate.htm)

- ਕੁਲ ਕਾਰਪੋਰੇਟ ਕਾਰੋਬਾਰੀ ਬੈਂਕ ਪੇਸ਼ਗੀਆਂ (ਕਰਜ਼, ਓਵਰ-ਡ੍ਰਾਫ਼ਟ, ਆਦਿ) ਦਾ 24%, ਜਾਂ 422 ਮਿਲੀਅਨ ਪੌਂਡ ਦਾ ਸਮਾਜ ਨੂੰ ਸ਼ਕਤੀਸ਼ਾਲੀ ਰੂਪ ਵਿੱਚ ਲਾਭ ਦੇਣ ਵਾਲੀਆਂ ਸਰਗਰਮੀਆਂ ਵਿੱਚ ਨਿਵੇਸ਼ ਹੋਇਆ ਹੈ (ਵੇਖੋ: www.cfs.co.uk/sustainability2003/deliveringvalue/corporate.htm);

- ਸੀਐਫ਼ਐਸ ਦੀ ਬਿਜਲੀ ਦਾ 97% ਨਵਿਆਉਣਯੋਗ ਸਾਧਨਾਂ ਤੋਂ ਹੈ ਜਿਸ ਵਜੋਂ ਸੀਐਫ਼ਐਸ ਯੂਰਪ ਦੇ ਸਭ ਤੋਂ ਵੱਧ ਨਵਿਆਉਣਯੋਗ ਬਿਜਲੀ ਖ਼ਰੀਦਣ ਵਾਲੇ ਦੱਸ ਕਾਰੋਬਾਰਾਂ ਵਿੱਚੋਂ ਇੱਕ ਹੈ। ਇਸ ਦੇ ਨਤੀਜੇ ਵਜੋਂ ਉਰਜਾ ਦੀ ਵਰਤੋਂ ਕਾਰਨ ਪੈਦਾ ਹੋਣ ਵਾਲੀ ਕਾਰਬਨ ਡਾਈਆਕਸਾਈਡ ਦਾ ਉਤਪਾਦਨ ਕੁਆਪ੍ਰੇਟਿਵ ਬੈਂਕ ਵਿੱਚ 1997 ਤੋਂ ਹੁਣ ਤੱਕ 91% ਅਤੇ ਸੀਆਈਐਸ ਵਿੱਚ 2002 ਤੋਂ ਹੁਣ ਤੱਕ 52% ਘੱਟਿਆ ਹੈ (ਵੇਖੋ: www.cfs.co.uk/sustainability2003/ecological/energy.htm);

- ਸੀਐਫ਼ਐਸ ਦੇ ਸਧਾਰਨ ਕੂੜੇ ਦਾ 70% ਮੁੜ ਵਰਤਿਆ ਜਾਂਦਾ ਹੈ ਜਾਂ ਮੁੜ-ਵਰਤਣ ਯੋਗ ਬਣਾਇਆ ਜਾਂਦਾ ਹੈ (ਵੇਖੋ: www.cfs.co.uk/sustainability2003/ecological/reduce.htm);

- ਸੀਐਫ਼ਐਸ ਬਣਨ ਉਪਰੰਤ ਵੱਡੀ ਗਿਣਤੀ ਵਿੱਚ ਗਾਹਕਾਂ ਨੂੰ ਚਿੱਠੀਆਂ ਪਾਉਣ ਕਾਰਨ 2003 ਵਿੱਚ ਕੁਆਪ੍ਰੇਟਿਵ ਬੈਂਕ ਦੀ ਕਾਗ਼ਜ਼ ਦੀ ਵਰਤੋਂ ਵਿੱਚ 27% ਵਾਧਾ ਹੋਇਆ ਹੈ (ਵੇਖੋ: www.cfs.co.uk/sustainability2003/ecological/paper.htm); ਅਤੇ

- 2003 ਦੌਰਾਨ 1,550 ਸਟਾਫ਼ ਮੈਂਬਰਾਂ ਨੇ ਸਮੁਦਾਇਕ ਸੰਸਥਾਵਾਂ ਵਿੱਚ 2,365 ਦਿਨ ਕੰਮ ਕੀਤਾ - ਇਸ ਸਮੇ-ਦਾਨ ਦਾ ਮੁੱਲ 308,660 ਪੌਂਡ ਹੁੰਦਾ ਹੈ। ਸਾਡਾ ਕੁਲ ਸਮੁਦਾਇਕ ਨਿਵੇਸ਼ ਵਿੱਤੀ ਸੇਵਾ ਸੈਕਟਰ ਦੀ ਔਸਤ ਤੋਂ ਵੱਧ ਹੈ, ਇਸ ਸੈਕਟਰ ਦੇ ਸਭ ਤੋਂ ਵੱਧ ਉਪਕਾਰੀ ਤਿੰਨ ਕਾਰੋਬਾਰਾਂ ਵਿੱਚੋਂ ਦੋ ਸੀਆਈਐਸ ਅਤੇ ਕੁਆਪ੍ਰੇਟਿਵ ਬੈਂਕ ਹਨ।

**ਪ੍ਰਭਾਵ ਅਤੇ ਕਾਰਵਾਈ** ਸੀਐਫ਼ਐਸ ਦੀ ਇਸ ਪਹਿਲੀ ਰਿਪੋਰਟ ਵਿੱਚ ਸੀਆਈਐਸ ਅਤੇ ਕੁਆਪ੍ਰੇਟਿਵ ਬੈਂਕ ਦੀਆਂ ਪਬਲਿਕ ਪਾਲਿਸੀ ਸੰਬੰਧਤ ਪ੍ਰੇਰਿਤ ਕਰਨ ਵਾਲੀਆਂ ਸਰਗਰਮੀਆਂ ਦਾ ਵੇਰਵਾ ਦਿੱਤਾ ਗਿਆ ਹੈ ਜਿਨ੍ਹਾਂ ਵਿੱਚ, ਮਿਸਾਲ ਲਈ, ਹੜ੍ਹਾਂ ਤੋਂ ਵਧੇਰੇ ਖ਼ਤਰੇ ਵਾਲੇ ਖੇਤਰਾਂ ਲਈ ਬੀਮਾ ਪ੍ਰਦਾਨ ਕਰਨ ਦੇ ਵਿੱਤੀ ਸੇਵਾ ਸੈਕਟਰ ਦੇ ਮੁੱਦਿਆਂ ਬਾਰੇ ਆਪਣੇ ਵਿਚਾਰ ਰੱਖਣਾ ਸ਼ਾਮਲ ਹੈ। ਸਮਾਜਿਕ ਅਤੇ ਵਾਤਾਵਰਨਿਕ ਵੱਡੀਆਂ ਪ੍ਰਾਪਤੀਆਂ ਦੇ ਮਾਮਲੇ, ਜਿਵੇਂ ਕਿ 'ਰਾਜਨੀਤਿਕ ਬਾਗ਼ੀਆਂ ਦੁਆਰਾ ਹੀਰਿਆਂ' ਦੇ ਗ਼ੈਰ-ਕਨੂੰਨੀ ਵਪਾਰ ਨੂੰ ਰੋਕਣ ਲਈ ਜਾਂ 'ਸੁਰੱਖਿਅਤ ਰਸਾਇਨ ਪਦਾਰਥਾਂ' ਦੀ ਵਰਤੋਂ ਵਧਾਉਣ ਲਈ ਉਪਰਾਲੇ ਕਰਨਾ, ਜਿਨ੍ਹਾਂ ਬਾਰੇ ਸੀਆਈਐਸ ਅਤੇ ਕੁਆਪ੍ਰੇਟਿਵ ਬੈਂਕ ਨੇ ਪ੍ਰਚਾਰ ਕਰਨ ਦਾ ਜਤਨ ਕੀਤਾ ਹੈ, ਨੂੰ ਵੀ ਦਰਸਾਇਆ ਗਿਆ ਹੈ। ਇਸ ਕਾਰਵਾਈ ਨੂੰ ਪ੍ਰਮੁੱਖ ਵਾਤਾਵਰਨਿਕ ਟੀਕਾਕਾਰ Jonathon Porritt ਦਾ ਸਮਰਥਨ ਪ੍ਰਾਪਤ ਹੈ, ਉਨ੍ਹਾਂ ਦਾ ਕਹਿਣਾ ਹੈ: "ਇਹ ਕਾਰਵਾਈ ਨਿਜੀ ਪਰੋਪਕਾਰੀ ਸੰਸਥਾਵਾਂ ਦੀ ਚਿੰਤਾ ਨਾਲ ਢੁਕਵੀਂ ਹੈ। ਕੰਪਨੀਆਂ ਆਪਣੀਆਂ ਅਮਲੀ ਪਾਲਿਸੀਆਂ ਤੇ ਆਸਾਂ ਤੋਂ ਵੱਧ ਕਾਰਪੋਰੇਟ ਪੱਧਰ ਦਾ ਪ੍ਰਚਾਰ ਕਰਦੀਆਂ ਹਨ, ਅਤੇ ਚੰਗਾ ਹੋਏਗਾ ਜੇਕਰ ਉਹ ਸੀਐਫ਼ਐਸ ਦੀ ਮਿਸਾਲ ਅਨੁਸਾਰ ਕੰਮ ਕਰਨ।" 'ਪ੍ਰਭਾਵ ਅਤੇ ਕਾਰਵਾਈ' ਸਿਰਨਾਵੇਂ ਹੇਠ ਸੀਐਫ਼ਐਸ ਦੀਆਂ ਪਬਲਿਕ ਪਾਲਿਸੀ ਪ੍ਰਚਾਰ ਸਰਗਰਮੀਆਂ ਦੀਆਂ ਮਿਸਾਲਾਂ ਦਾ ਵੇਰਵਾ ਸਾਰੀ ਰਿਪੋਰਟ ਵਿੱਚ ਦਿੱਤਾ ਗਿਆ ਹੈ।

**ਨੈਤਿਕ ਫ਼ਾਇਨੈਂਸ ਕਰਨਾ** ਕੁਆਪ੍ਰੇਟਿਵ ਬੈਂਕ ਦੀ ਇਕ ਨੈਤਿਕ ਪਾਲਿਸੀ ਹੈ ਜੋ ਫ਼ੈਸਲਾ ਕਰਦੀ ਹੈ ਕਿ ਕਿੱਥੇ ਗਾਹਕਾਂ ਦੀ ਪੂੰਜੀ ਨੂੰ ਨਿਵੇਸ਼ ਕੀਤਾ ਜਾ ਸਕਦਾ ਹੈ ਅਤੇ ਕਿੱਥੇ ਨਹੀਂ। **ਜਸਟ**ਐਸ਼ਿਓਰੈਂਸ ਨੇ 2003 ਵਿੱਚ ਨੈਤਿਕ ਪਾਲਿਸੀ ਅਨੁਸਾਰ ਕੰਮ ਕਰਨ ਵਜੋਂ ਬੈਂਕ ਦੀ ਸਾਫ਼-ਸੁਥਰੀ ਹੋਂਦ ਦੀ ਤਸਦੀਕ ਕੀਤੀ ਹੈ। ਸਾਲ 2003 ਵਿੱਚ ਬੈਂਕ ਦੇ ਨੈਤਿਕ ਪਾਲਿਸੀ ਯੂਨਿਟ ਦੇ ਹਵਾਲੇ ਵਜੋਂ ਵਪਾਰ ਨਹੀਂ ਕਰਨ ਕਾਰਨ ਲਗ-ਪਗ 7 ਮਿਲੀਅਨ ਪੌਂਡ ਦੀ ਆਮਦਨੀ ਗੁਆਉਣੀ ਪਈ ਸੀ। ਜਿਨ੍ਹਾਂ ਨਾਲ ਵਪਾਰ ਨਹੀਂ ਕੀਤਾ ਗਿਆ, ਉਨ੍ਹਾਂ ਵਿੱਚ ਸ਼ਾਮਲ ਸਨ: ਇੱਕ ਤੇਲ ਉਤਪਾਦਕ, ਇੱਕ ਪੈੱਕ ਕਰਨ ਦੇ ਸਮਾਨ ਦਾ ਨਿਰਮਾਤਾ, ਅਤੇ ਇੱਕ ਟਿੰਬਰ ਵਪਾਰੀ। ਸਮਾਜਿਕ ਰੂਪ ਵਿੱਚ ਜ਼ੁੰਮੇਵਾਰ ਨਿਵੇਸ਼ ਦੀਆਂ ਸੀਆਈਐਸ ਅਤੇ ਕੁਆਪ੍ਰੇਟਿਵ ਬੈਂਕ ਦੀਆਂ ਇਤਿਹਾਸਿਕ ਤੌਰ ਤੇ ਵੱਖ ਵੱਖ ਪਾਲਿਸੀਆਂ ਨੂੰ ਇੱਕ-ਸੁਰ ਕਰਨ ਲਈ 2003 ਵਿੱਚ ਇੱਕ ਪ੍ਰਾਜੈੱਕਟ ਤਿਆਰ ਕੀਤਾ ਗਿਆ। ਇਹ ਇੱਕ-ਸੁਰਤਾ ਸੀਆਈਐਸ ਦੀਆਂ ਜ਼ੁੰਮੇਵਾਰ ਸ਼ੇਅਰਹੋਲਡਿੰਗ ਪਾਲਿਸੀਆਂ ਲਈ ਗਾਹਕਾਂ ਦੇ ਸਪਸ਼ਟ ਆਦੇਸ਼ ਨੂੰ ਤਿਆਰ ਕਰਨ ਵੱਲ ਧਿਆਨ ਦੇਵੇਗੀ, ਕੁਝ ਉਸੇ ਤਰ੍ਹਾਂ ਜਿਵੇਂ ਕਿ ਬੈਂਕ ਦੇ ਗਾਹਕ ਨੈਤਿਕ ਪੂੰਜੀ ਨਿਵੇਸ਼ ਦਾ ਵਰਤਮਾਨ ਵਿੱਚ ਮਾਰਗ ਦਰਸ਼ਨ ਕਰਦੇ ਹਨ। ਵੇਖੋ www.cfs.co.uk/sustainability2003/socialresponsibility/ethical.htm

**ਨੈਤਿਕ / ਵਾਤਾਵਰਨਿਕ ਉਤਪਾਦ ਅਤੇ ਸੇਵਾ** ਸੀਐਫ਼ਐਸ ਨੇ ਪਿੱਛੇ ਜਿਹੇ ਅਨੇਕ ਉਤਪਾਦ ਅਤੇ ਸੇਵਾਵਾਂ ਨੂੰ ਸ਼ੁਰੂ ਕੀਤਾ ਹੈ ਜਿਨ੍ਹਾਂ ਦਾ ਨੈਤਿਕ ਜਾਂ ਵਾਤਾਵਰਨਿਕ ਅੰਗ ਸਪਸ਼ਟ ਹੈ, ਇਨ੍ਹਾਂ ਵਿੱਚ ਸ਼ਾਮਲ ਹਨ:

- ਵੀਜ਼ਾ ਕ੍ਰੈਡਿੱਟ ਕਾਰਡ ਜਿਨ੍ਹਾਂ ਦੀ ਇਨ੍ਹਾਂ ਨਾਲ ਸਾਂਝ ਹੈ: ਕ੍ਰਿਸਚੀਅਨ ਏਡ (Christian Aid), ਵਾਈ ਕੇਅਰ ਇੰਟਰਨੈਸ਼ਨਲ (Y Care International), ਤਸੀਹਿਆਂ ਦੇ ਪੀੜਿਤਾਂ ਦੀ ਸੰਭਾਲ ਲਈ ਮੈਡੀਕਲ ਸੰਸਥਾ (Medical Foundation for the Care of Victims of Torture), ਨਿਰਦਈ ਖੇਡਾਂ ਵਿਰੁੱਧ ਸੰਗਠਨ (League Against Cruel Sports) ਅਤੇ ਮਾਤਾ ਯੂਨੀਅਨ (Mothers' Union)

- ਐਫ਼ਟੀਐਸਈ4ਗੁੱਡ ਟ੍ਰੈੱਕਰ ਯੂਨਿਟ ਟ੍ਰਸਟ (FTSE4Good Tracker Unit Trust) — ਇੱਕ ਯੂਨਿਟ ਟ੍ਰਸਟ ਫ਼ੰਡ ਜੋ ਐਫ਼ਟੀਐਸਈ4ਗੁੱਡ ਯੂਕੇ ਸੂਚਕ-ਅੰਕ ਉੱਤੇ ਨਜ਼ਰ ਰੱਖਦਾ ਹੈ (ਉਹ ਕੰਪਨੀਆਂ ਜਿਹੜੀਆਂ ਤਿੰਨ ਖੇਤਰਾਂ — ਵਾਤਾਵਰਨਿਕ ਬਰਕਰਾਰੀ, ਮਾਨਵ ਅਧਿਕਾਰ ਅਤੇ ਜੋਖਮ ਚੁੱਕਣ ਵਾਲਿਆਂ ਨਾਲ ਸੰਬੰਧਤ — ਦੇ ਮਿਆਰਾਂ ਉੱਪਰ ਪੂਰੀਆਂ ਉਤਰਦੀਆਂ ਹਨ)
- **ਸਮਾਈਲ**ਇੰਨਵੈੱਸਟ ਨੈਤਿਕ ਪੂੰਜੀ ਨਿਵੇਸ਼ ਦੇ ਅਵਸਰ ਦਾ ਵਧੇਰੇ ਵਿਕਾਸ
- ਨਵੇਂ ਗ੍ਰੀਨ ਮਾਰਟਗੇਜ (Green Mortgage) ਉਤਪਾਦ ਜਿਹੜੇ ਘਰ ਖ਼ਰੀਦਣ ਵੇਲੇ ਘਰ ਉਰਜਾ ਦਾ ਮੁਫ਼ਤ ਨਿਰਧਾਰਨ (Home Energy Rating), ਅਤੇ ਕਾਰਬਨ ਡਾਈਆਕਸਾਈਡ ਪ੍ਰਤਿਸੰਤੁਲਨ ਸੇਵਾ ਦਿੰਦੇ ਹਨ

ਵੇਖੋ: www.cfs.co.uk/sustainability2003/socialresponsibility/tailored.htm ਅਤੇ www.cfs.co.uk/Sustainability2003/ecological/tailored.htm

**ਪ੍ਰਤਿਜਾਣਕਾਰੀ** ਸੀਐਫ਼ਐਸ ਆਪਣੇ ਬਰਕਰਾਰੀ ਦੇ ਪ੍ਰਦਰਸ਼ਨ ਵਿੱਚ ਇਸ ਪ੍ਰਕਾਰ ਦਾ ਸੁਧਾਰ ਲਿਆਉਣ ਲਈ ਪ੍ਰਤਿਬੱਧ ਹੈ ਜੋ ਉਸ ਦੇ ਛੇ ਭਾਗੀਦਾਰਾਂ ਦੇ ਹਿਤਾਂ ਦਾ ਸਮਾਜ ਅਤੇ ਵਾਤਾਵਰਨ ਦੇ ਹਿਤਾਂ ਨਾਲ ਸੰਤੁਲਨ ਬਣਾਈ ਰੱਖਣਾ ਜਾਰੀ ਰੱਖੇ। ਅਸੀਂ ਬਰਕਰਾਰ ਰਹਿਣ ਵਾਲੇ ਵਿਕਾਸ ਲਈ ਸਾਡੀ ਕਾਰਵਾਈ ਬਾਰੇ ਤੁਹਾਡੇ ਵਿਚਾਰ ਜਾਣਨਾ ਚਾਹੁੰਦੇ ਹਾਂ ਅਤੇ ਇਹ ਵੀ ਕਿ ਤੁਸੀਂ ਸਾਨੂੰ ਇਸ ਕਾਰਜ ਵਿਧੀ ਵਿੱਚ ਸੁਧਾਰ ਲਿਆਉਣ ਦੇ ਰਾਹਾਂ ਬਾਰੇ ਦੱਸੋ। ਸਾਨੂੰ ਜਾਣਕਾਰੀ ਦੇਣ ਲਈ ਕਿਰਪਾ ਕਰਕੇ ਪ੍ਰਤਿਜਾਣਕਾਰੀ ਪੰਨਾ www.cfs.co.uk/sustainability2003/feedback/ ਵੇਖੋ। ਵਿਕਲਪ ਦੇ ਰੂਪ ਵਿੱਚ sustainability@cfs.co.uk 'ਤੇ ਈ-ਮੇਲ ਘੱਲੋ ਜਾਂ Sustainable Development Team, Co-operative Financial Services, 1 Balloon Street, Manchester, M60 4EP ਨੂੰ ਪੱਤਰ ਲਿੱਖੋ।